ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ: 3987 ਕਾਲਜ/ਜ.ਸ-5

ਮਿਤੀ 5-11-2026

ਸਬੰਧਿਤ ਸਮੂਹ ਐਜੁਕੇਸ਼ਨ ਕਾਲਜਾਂ ਦੇ ਪ੍ਰਿੰਸੀਪਲ/ਡਾਇਰੈਕਟਰ/ਚੈਅਰਮੈਨ ਸਾਹਿਬਾਨਾਂ ਨੂੰ।

ਵਿਸ਼ਾ- Mandatory Proforma ਅਨੁਸਾਰ ਘਟਾਈਆਂ ਗਈਆਂ B.Ed ਪ੍ਰਵਾਨਿਤ ਸੀਟਾਂ ਵਿਚੋਂ ਬਾਕੀ 50% ਸੀਟਾਂ ਭਰਨ ਲਈ ਸਪਸ਼ਟ ਦਿਸ਼ਾ ਨਿਰਦੇਸ਼ ਕਰਨ ਸਬੰਧੀ।

ਡੀਨ ਕਾਲਜ ਵਿਕਾਸ ਕੌਂਸਲ ਵੱਲੋਂ ਹੋਏ ਆਦੇਸ਼ਾ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ ਯੂਨੀਵਰਸਿਟੀ ਵੱਲੋਂ ਸਮੂਹ ਐਜੁਕੇਸ਼ਨ ਕਾਲਜਾਂ ਨੂੰ ਪੱਤਰ ਨੰ. 186/DCDC ਮਿਤੀ 22-07-2026 ਪਹਿਲਾਂ ਜਾਰੀ ਕੀਤਾ ਗਿਆ ਸੀ, ਜਿਸ ਵਿਚ ਯੂਨੀਵਰਸਿਟੀ ਨਿਯਮਾਂ ਅਨੁਸਾਰ ਹਵਾਲਾ ਪੱਤਰ ਨੰ 6888-6910/ਕਾਲਜਾਂ/ਸ-2/ਮਿਤੀ 27-5-2015 ਬੀ.ਐਡ. ਦੇ 50 ਵਿਦਿਆਰਥਿਆਂ ਦੇ ਹਰੇਕ ਯੂਨਿਟ ਲਈ ਕੁਲ 8 ਅਧਿਆਪਕ ਲੋੜੀਂਦੇ ਹਨ ਅਤੇ ਲੋੜੀਂਦੇ ਟੀਚਿੰਗ ਸਟਾਫ ਦਾ 2/3 ਹਿੱਸਾ ਯੂਨੀਵਰਸਿਟੀ ਤੋਂ ਅਪਰੂਵਡ ਰੈਗੁਲਰ ਅਧਿਆਪਕਾਂ ਦਾ ਹੋਣਾ ਚਾਹੀਦਾ ਹੈ। ਜਿਨ੍ਹਾਂ ਕਾਲਜਾਂ ਕੋਲ ਟੀਚਿੰਗ ਸਟਾਫ ਦਾ 2/3 ਹਿਸਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਪੂਰਾ ਨਹੀ ਸੀ, ਕੇਵਲ ਉਨਾਂ ਕਾਲਜਾਂ ਦੀਆਂ ਸੀਟਾਂ ਹੀ ਘਟਾਈਆਂ ਗਈਆ ਸੀ, ਪ੍ਰੰਤੂ ਬਾਅਦ ਵਿਚ ਜਿਨਾਂ - ਜਿਨਾਂ ਕਾਲਜਾਂ ਵੱਲੋਂ ਯੂਨੀਵਰਸਿਟੀ ਨਿਯਮਾਂ ਅਨੁਸਾਰ ਟੀਚਿੰਗ ਸਟਾਫ ਦੀਆਂ ਸਿਲੈਕਸ਼ਨਾ ਕਰਵਾ ਕੇ ਸਟਾਫ ਪੂਰਾ ਕਰ ਲਿਆ ਗਿਆ ਹੈ, ਉਨਾਂ ਕਾਲਜਾਂ ਦੀਆਂ ਸੀਟਾਂ ਰੀਵਾਈਜ਼ ਕੀਤੀਆ ਗਈਆ ਹਨ। ਇਸ ਤੋਂ ਇਲਾਵਾ ਬਾਕੀ ਰਹਿੰਦੀਆ ਸੀਟਾਂ ਸਬੰਧੀ ਸਪਸ਼ਟ ਕੀਤਾ ਜਾਂਦਾ ਹੈ ਕਿ ਮੈਨਡੇਟਰੀ ਪ੍ਰਫਾਰਮੇ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਲੰਘ ਚੁੱਕੀ ਹੈ।

ਡਿਪਟੀ ਰਜਿਸਟਰਾਰ (ਕਾਲਜਾਂ)